## (1) ਭਾਰਤੀ ਸਮਾਜ ਵਿੱਚ ਸੀਮਾਂਤੀਕਰਨ
## (Marginalisation in Indian Society)

### (1) ਸੀਮਾਂਤੀਕਰਨ ਦਾ ਅਰਥ ਅਤੇ ਪਰਿਭਾਸ਼ਾ (Meaning and Definition of Marginalisation) :

1. **ਸੀਮਾਂਤੀਕਰਨ ਲਈ ਵੱਖ-ਵੱਖ ਸ਼ਬਦ** (Different words for Marginalisation)—ਸੀਮਾਂਤੀਕਰਨ/ ਹਾਸ਼ੀਆਕਰਨ ਜਾਂ ਪਾਰਸ਼ਵੀਕਰਨ ਲਈ ਵੱਖ-ਵੱਖ ਸ਼ਬਦਾਂ (1) ਸ਼ਕਤੀਹੀਣ ਜਾਂ ਮਹੱਤਵਹੀਣ ਸਥਿਤੀ ਵਿੱਚ ਰੱਖਣਾ (2) ਸ਼ਕਤੀਆਂ ਅਤੇ ਅਧਿਕਾਰਾਂ ਤੋਂ ਵੰਚਿਤ ਕਰ ਦੇਣਾ, (3) ਸਮਾਜਿਕ ਅਲੱਗਤਾ, (4) ਉਤਪਾਦੀ ਕਾਰਵਾਹੀ ਅਤੇ ਸਮਾਜਿਕ ਪੁਨਰਉਤਪਾਦਕ ਕਾਰਵਾਹੀ ਤੋਂ ਬਾਹਰ ਹੋਣਾ, (5) ਭੇਦਭਾਵ ਕਰਨਾ, (6) ਦਲਿਤ, (7) ਸ਼ੋਸ਼ਿਤ, (8) ਕਮਜ਼ੋਰ, (9) ਅਸਮਰਥ ਦੀ ਵਰਤੋਂ ਕੀਤੀ ਗਈ ਹੈ, (10) ਸਮਾਜਿਕ ਅਲਾਭਕਾਰੀ। (Different words used for marginalsation are (1) placing in powerless or unimportant position, (2) exclusion from powers and privileges, (3) social exclusion, (4) being outside the mainstream of productive activity and/or social reproductive activity, (5) discrimination, (6) downtrodden, (7) exploited, (8) weak, (9) disable, socially, (10) disadvantaged, etc.)

2. **ਸਰਲ ਅਰਥ** (Simple meaning)—ਸਰਲ ਭਾਸ਼ਾ ਵਿੱਚ ਸੀਮਾਂਤੀਕਰਨ ਦਾ ਅਰਥ ਹੈ ਕਿਸੇ ਨੂੰ ਸੀਮਾਂਤ ਜਾਂ ਇੱਕ ਪਾਸੇ ਕਰ ਦੇਣ ਦੀ ਪ੍ਰਕਿਰਿਆ (Marginalisation means the process or act of marginalising.)।

3. **ਉਰਦੂ ਭਾਸ਼ਾ** (Urdu language)—ਉਰਦੂ ਭਾਸ਼ਾ ਵਿੱਚ ਸੀਮਾਂਤੀਕਰਨ ਲਈ 'ਹਾਸ਼ੀਆਕਰਨ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸਦਾ ਅਰਥ ਹੈ ਕਿਸੇ ਨੂੰ ਹਾਸ਼ੀਏ 'ਤੇ ਰੱਖ ਦੇਣਾ। ਇਹ ਅਜਿਹਾ ਹੀ ਹੈ ਕਿ ਕਿਸੇ ਸ਼ਬਦ ਨੂੰ ਕਿਸੇ ਸਫੇ ਦੇ ਹਾਸ਼ੀਏ (Margin) 'ਤੇ ਰੱਖਣਾ।

4. **ਵੈਬਸਟਰ ਅਤੇ ਆਕਸਫੋਰਡ ਡਿਕਸ਼ਨਰੀ** (Webster and Oxford Dictionary)—'ਮਾਰਜੀਨੇਲਾਈਜੇਸ਼ਨ ਦਾ ਅਰਥ ਹੈ 'ਕਿਸੇ ਨੂੰ ਸਮਾਜ ਜਾਂ ਸਮਾਜ ਵਿੱਚ ਸ਼ਕਤੀਹੀਣ ਜਾਂ ਮਹੱਤਵਹੀਣ ਸਥਿਤੀ ਵਿੱਚ ਰਖਣਾ।' (Marginalisation means "to put some one in a powerless or unimportant position within a society or group.")।

5. **ਪਬਲਿਕ ਹੈਲਥ ਦਾ ਐਨਸਾਈਕਲੋਪੀਡੀਆ** (Encyclopedia of Public Health)—'ਸੀਮਾਂਤੀਕਰਨ ਜਾਂ ਹਾਸ਼ੀਆਕਰਨ ਤੋਂ ਭਾਵ ਹੈ ਇੱਕ ਪਾਸੇ ਜਾਂ ਹਾਸ਼ੀਏ (ਸੀਮਾ) 'ਤੇ ਰੱਖ ਦੇਣਾ ਅਤੇ ਇਸ ਤਰ੍ਹਾਂ ਕੇਂਦਰ ਜਾਂ ਮੁੱਖ ਧਾਰਾ ਵਿੱਚ ਪ੍ਰਾਪਤ ਸਹੂਲਤਾਂ ਅਤੇ ਸ਼ਕਤੀਆਂ ਤੋਂ ਵੰਚਿਤ ਕਰ ਦੇਣਾ।' ("To be marginalised means to be placed in the margins and thus get excluded from the privilege and power found in the center.")।

6. **ਪੀਟਰ ਲਿਓਨਾਰਡ ਦਾ ਵਿਚਾਰ** (View of Peter Leonard)—'ਸੀਮਾਂਤੀਕਰਨ/ਹਾਸ਼ੀਆਕਰਨ ਜਾਂ ਪਾਰਸ਼ਵੀਕਰਨ ਦਾ ਅਰਥ ਹੈ ਉਤਪਾਦੀ ਕਾਰਵਾਈ ਦਾ ਮੁੱਖ ਧਾਰਾ ਤੋਂ ਬਾਹਰ ਹੋਣਾ ਅਤੇ ਜਾਂ ਇਸ ਸਮਾਜਿਕ ਪੁਨਰ-ਉਤਪਾਦਕ ਕਾਰਵਾਈ ਤੋਂ ਬਾਹਰ ਹੋਣਾ।' (Marginalisation means "being outside the mainstream of productive activity and/or social reproductive activity.")।

7. **ਲੇਟਿਨ ਦਾ ਵਿਚਾਰ** (View of Latin)—'ਸੀਮਾਂਤੀਕਰਨ ਆਰਥਿਕ ਸਮ੍ਰਿਧੀ, ਮਨੁੱਖੀ ਪ੍ਰਤਿਸ਼ਠਾ ਅਤੇ ਸਰੀਰਿਕ ਰੱਖਿਆ ਦੇ ਲਈ ਪੂਰਨ ਰੂਪ ਤੋਂ ਅਪਮਾਨਜਨਕ ਹੈ। ਸੀਮਾਂਤੀ ਸਮੂਹਾਂ ਦੇ ਪ੍ਰਬਲ ਸਮੂਹਾਂ ਦੇ ਮੈਂਬਰ ਹਮੇਸ਼ਾ ਪਛਾਣ ਰੱਖਦੇ ਹਨ ਅਤੇ ਇਹਨਾਂ ਨੂੰ ਭੇਦਭਾਵ ਦਾ ਸਾਮ੍ਹਣਾ ਕਰਨਾ ਪੈਂਦਾ ਹੈ।' ("Marginalisation is so thoroughly demeaning, for economic wellbeing, for human dignity, as well as for physical security.

**(2) ਸੀਮਾਂਤੀਕਰਨ ਦੀਆਂ ਪਰਿਭਾਸ਼ਾਵਾਂ ਦਾ ਸਿੱਟਾ ਅਤੇ ਵਿਸ਼ੇਸ਼ਤਾਵਾਂ (Conclusion of Definitions and Characteristics of Marginalisation) :**

1. **ਸਮਾਜਿਕ ਅਲਾਭਕਾਰੀ** (Social disadvantage)—ਸੀਮਾਂਤੀਕਰਨ ਸਮਾਜਿਕ ਅਲਾਭ ਅਤੇ ਸਮਾਜ ਦੇ ਹਾਸ਼ੀਏਕਰਨ ਵੱਲ ਧਕੇਲਦਾ ਹੈ (Marginalisation or social exclusion is social disadvantage and relegation to the fringe of society.) ।

2. **ਬਹੁ-ਅਯਾਮੀ ਕਿਰਿਆ** (Multi-dimensional process)—ਸੀਮਾਂਤੀਕਰਨ ਜਾਂ ਸਮਾਜਿਕ ਅਲੱਗਤਾ ਨਿਰੰਤਰ ਸਮਾਜਿਕ ਵਿਗਾੜ (Social rupture) ਦੀ ਬਹੁ-ਅਯਾਮੀ ਪ੍ਰਕਿਰਿਆ ਹੈ ਜਿਸਦੇ ਦੁਆਰਾ ਸਮੂਹ ਅਤੇ ਵਿਅਕਤੀ ਸਮਾਜਿਕ ਸੰਬੰਧਾਂ ਅਤੇ ਸੰਸਥਾਵਾਂ ਤੋਂ ਅਲੱਗ-ਥਲੱਗ ਹੋ ਜਾਂਦੇ ਹਨ।

3. **ਸੀਮਿਤ ਸਮਾਜਿਕ ਭਾਗੀਦਾਰੀ** (Limited social participation)—ਇਹ ਉਹਨਾਂ ਨੂੰ ਸਮਾਜ ਦੀਆਂ ਸਧਾਰਨ ਕਿਰਿਆਵਾਂ ਵਿੱਚ ਪੂਰਨ ਭਾਗੀਦਾਰੀ ਤੋਂ ਰੋਕਦਾ ਹੈ।

4. **ਵਿਅਕਤਿਕ ਜਾਂ ਸਮੂਹਿਕ ਪੱਧਰ** (Individual or group level)—ਇਹ ਵਿਅਕਤਿਕ ਅਤੇ ਸਮੂਹਿਕ ਪੱਧਰ 'ਤੇ ਵੀ ਹੋ ਸਕਦਾ ਹੈ।

5. **ਸਮਾਜਿਕ ਅਧਿਕਾਰਾਂ ਤੱਕ ਘੱਟ ਪਹੁੰਚ** (Limited access to social rights)—ਇਸ ਨਾਲ਼ ਸਮਾਜਿਕ ਅਧਿਕਾਰਾਂ ਤੱਕ ਘੱਟ ਪਹੁੰਚ, ਭੌਤਿਕ ਵੰਚਨ (Material deprivation), ਘੱਟ ਸਮਾਜਿਕ ਭਾਗੀਦਾਰੀ (Less social participation) ਅਤੇ ਆਦਰਸ਼ਾਤਮਿਕ ਏਕੀਕਰਨ (Normative integration) ਦੀ ਘਾਟ ਹੁੰਦੀ ਹੈ।

6. **ਬਹੁ-ਕਾਰਕਾਂ ਦਾ ਸੰਜੁਗਤ ਨਤੀਜਾ** (Combined result of multiple factors)—ਇਹ ਵਿਅਕਤਿਕ ਆਪਤੀਆਂ, ਸਮਾਜਿਕ ਪਰਿਵਰਤਨਾਂ, ਜਨਅੰਕੜਿਆਂ (Demographic factors), ਸ਼੍ਰਮਿਕ ਬਜ਼ਾਰਾਂ ਦੇ ਵਿਕਾਸ, ਤਕਨੀਕੀ ਨਵਾਚਾਰਾਂ (Technological innovatioins) ਅਤੇ ਸਮਾਜਿਕ ਮਾਨਕਾਂ (Social norms) ਆਦਿ ਕਾਰਕਾਂ ਦਾ ਸੰਜੁਗਤ ਨਤੀਜਾ ਹੈ।

## (2) ਭਾਰਤੀ ਸਮਾਜ ਵਿੱਚ ਸੀਮਾਂਤੀਕਰਨ ਅਤੇ ਅਸਮਾਨਤਾ ਦੇ ਸਿੱਖਿਆ ਵਿੱਚ ਨਿਹਿਤਾਰਥ (Educational Implications of Marginalisation and Inequality in Indian Society)

1. **ਸਿੱਖਿਆ ਦੇ ਉਦੇਸ਼** (Aims of education)—2005 ਦੇ ਰਾਸ਼ਟਰੀ ਪਾਠਕ੍ਰਮ ਫਰੇਮਵਰਕ (National Curriculum Framework) ਵਿੱਚ ਧਰਮ ਨਿਰਪੇਖ, ਸਮਾਨਤਾਵਾਦੀ, ਬਹੁਲਤਾਵਾਦੀ ਸਮਾਜ ਦੇ ਰੂਪ ਵਿੱਚ ਸੰਵਿਧਾਨਿਕ ਵਿਚਾਰਾਂ ਤੋਂ ਅਗਵਾਈ ਲੈਣ ਲਈ ਹੇਠ ਲਿਖੇ ਸਮਾਜਿਕ ਨਿਆਂ ਅਤੇ ਸਮਾਨਤਾ 'ਤੇ ਅਧਾਰਿਤ ਉਦੇਸ਼ਾਂ ਨੂੰ ਸਵੀਕ੍ਰਿਤ ਕੀਤਾ ਗਿਆ ਹੈ—

(i) **ਲੋਕਤੰਤਰੀ ਮੁੱਲਾਂ ਪ੍ਰਤਿ ਪ੍ਰਤਿਬੱਧਤਾ** (Commitment to democratic values)—ਸਿੱਖਿਆ ਦਾ ਇੱਕ ਬਹੁਤ ਹੀ ਮਹੱਤਵਪੂਰਨ ਉਦੇਸ਼ ਵਿਦਿਆਰਥੀਆਂ ਵਿੱਚ ਲੋਕਤੰਤਰੀ ਮੁੱਲਾਂ—ਸਮਾਨਤਾ, ਨਿਆਂ, ਸੁਤੰਤਰਤਾ ਅਤੇ ਭਾਈਚਾਰਾ (Equality, justice, freedom and fraternity) ਵਿਕਸਿਤ ਕਰਨਾ ਹੈ।

(ii) **ਦੂਜਿਆਂ ਦੀ ਭਲਾਈ** (Concern for welfare of others)—ਸਾਡਾ ਸਮਾਜ ਬਹੁਤ ਅਸਮਾਨਤਾਵਾਦੀ ਹੈ। ਇਸ ਵਿੱਚ ਅਸਮਾਨਤਾਵਾਂ ਅਤੇ ਸੀਮਾਂਤੀਕਰਨ ਦੇ ਅਧਾਰ ਉਮਰ, ਲਿੰਗ, ਪ੍ਰਜਾਤੀ, ਜਾਤੀ, ਰੰਗ, ਧਰਮ, ਆਰਥਿਕ ਅਤੇ ਸਮਾਜਿਕ ਸਥਿਤੀ ਆਦਿ ਹਨ। ਸਿੱਖਿਆ ਦਾ ਇੱਕ ਉਦੇਸ਼ ਵਿਦਿਆਰਥੀਆਂ ਵਿੱਚ ਸਭ ਲੋਕਾਂ ਦੀ ਭਲਾਈ ਦੀ ਭਾਵਨਾ ਪੈਦਾ ਕਰਨਾ ਹੈ।

(iii) **ਵਿਚਾਰ ਅਤੇ ਕਿਰਿਆ ਦੀ ਸੁਤੰਤਰਤਾ** (Independence of thought and action)—ਸਮਾਜ ਵਿੱਚ ਸਮਾਜਿਕ ਅਲੱਗ-ਥਲੱਗਤਾ ਅਤੇ ਅਸਮਾਨਤਾ ਦੀ ਵਿਆਪਕਤਾ ਦਾ ਕਾਰਨ ਲੋਕਾਂ ਦਾ ਪੱਖਪਾਤੀ ਰਵੱਈਆ ਹੈ। ਇਸ ਲਈ ਸਿੱਖਿਆ ਦਾ ਉਦੇਸ਼ ਸਹੀ ਅਤੇ ਗ਼ਲਤ ਵਿੱਚ ਭੇਦ ਕਰਨਾ ਹੋਣਾ, ਤਾਰਕਿਕ ਚਿੰਤਨ ਕਰਨਾ ਅਤੇ ਅਨੁਭਵ ਦੇ ਅਧਾਰ 'ਤੇ ਨਿਰਨਾ ਕਰਨਾ ਹੋਣਾ ਚਾਹੀਦਾ ਹੈ।

(iv) **ਜੀਵਨ ਦੇ ਲਈ ਤਿਆਰੀ** (Preparation for life)—ਸਮਾਜ ਦੇ ਵਿਭਿੰਨ ਵਰਗਾਂ ਵਿੱਚ ਅਸਮਾਨਤਾਵਾਂ ਘੱਟ ਕਰਨ ਦੇ ਲਈ ਵਿਦਿਆਰਥੀਆਂ ਵਿੱਚ ਜੀਵਨ ਕੌਸ਼ਲਾਂ, ਤਕਨੀਕੀ ਕੌਸ਼ਲਾਂ, ਸੰਚਾਰ ਕੌਸ਼ਲਾਂ ਦਾ ਵਿਕਾਸ ਕਰਕੇ ਉਹਨਾਂ ਨੂੰ ਜੀਵਨ ਦੇ ਲਈ ਤਿਆਰ ਕਰਨਾ ਚਾਹੀਦਾ ਹੈ।

2. **ਪਾਠਕ੍ਰਮ** (Curriculum)—ਸੀਮਾਂਤੀਕਰਨ ਅਤੇ ਅਸਮਾਨਤਾਵਾਂ ਨੂੰ ਘੱਟ ਕਰਨ ਲਈ ਪਾਠਕ੍ਰਮ ਵਿੱਚ ਹੇਠ ਲਿਖੀਆਂ ਪਾਠਕ੍ਰਮ ਅਤੇ ਪਾਠ-ਸਹਾਇਕ ਕਿਰਿਆਵਾਂ ਸ਼ਾਮਲ ਕਰਨ ਦੀ ਲੋੜ ਹੈ—

(i) **ਮੌਲਿਕ ਅਧਿਕਾਰ, ਕਰਤੱਵ ਅਤੇ ਸੁਤੰਤਰਤਾ ਸੰਗ੍ਰਾਮ** (Fundamental rights, duties and Indian freeddom struggle) ਅਤੇ ਇਸ ਸੰਗ੍ਰਾਮ ਵਿੱਚ ਲੋਕਾਂ ਦੀ ਭਾਗੀਦਾਰੀ।

(ii) **ਸੰਵਿਧਾਨਿਕ ਮੁੱਲ** (Values enshrined in Indian Constitution)—ਜਿਵੇਂ ਸੁਤੰਤਰਤਾ, ਸਮਾਨਤਾ, ਨਿਆਂ, ਭਾਈਚਾਰੇ ਲਈ ਪਿਆਰ, ਵਿਅਕਤਿਕ ਗੌਰਵ ਅਤੇ ਰਾਸ਼ਟਰੀ ਏਕਤਾ ਆਦਿ।

(iii) **ਤਿੰਨ ਭਾਸ਼ਾਈ ਫਾਰਮੂਲਾ** (Three language formula) ਜਾਂ ਮਾਤ ਭਾਸ਼ਾ (ਅਨੁਦੇਸ਼ਨ ਦਾ ਮਾਧਿਅਮ), ਅੰਗਰੇਜ਼ੀ ਅਤੇ ਖੇਤਰੀ ਭਾਸ਼ਾ।

(iv) **ਵਿਗਿਆਨ ਅਤੇ ਗਣਿਤ** (Science and mathematics)—ਇਮਾਨਦਾਰੀ, ਵਸਤੂਨਿਸ਼ਠਤਾ, ਸਚਾਈ, ਤਾਰਕਿਕ ਚਿੰਤਨ, ਡਰ ਅਤੇ ਪੱਖਪਾਤ ਤੋਂ ਸੁਤੰਤਰਤਾ ਅਤੇ ਚੰਗੇ ਜੀਵਨ ਸੰਬੰਧੀ ਮੁੱਲ ਵਿਕਸਿਤ ਕਰਨ ਦੇ ਲਈ।

(v) **ਕਾਰਜ ਸਿੱਖਿਆ ਦਾ ਜੀਵਨ ਨਾਲ਼ ਏਕੀਕਰਨ** (Integration of work education with life)—ਪ੍ਰਾਥਮਿਕ ਅਵੱਸਥਾ ਤੋਂ ਹੀ ਆਤਮ-ਗੌਰਵ, ਕੰਮ ਦਾ ਰੁਝਾਨ, ਆਤਮ-ਵਿਸ਼ਵਾਸ, ਸਿਰਜਣਾਤਮਿਕਤਾ ਅਤੇ ਸਹਿਯੋਗ ਦਾ ਵਿਕਾਸ ਕਰਨ ਦੇ ਲਈ।

(vi) **ਸ਼ਾਂਤੀ ਸਿੱਖਿਆ** (Peace education)—ਬੱਚਿਆਂ ਨੂੰ ਸਮਾਜੀਕਰਨ ਅਤੇ ਨਿਆਂਪੂਰਨ ਸੰਸਕ੍ਰਿਤੀ ਦਾ ਵਿਭਿੰਨ ਮੁੱਲਾਂ ਜਿਵੇਂ ਕਿ ਭੇਦਭਾਵ ਰਹਿਤ, ਸਮਾਨਤਾ ਅਤੇ ਨੈਤਿਕਤਾ ਦਾ ਅਧਿਆਪਨ ਦੇਣ ਦੇ ਲਈ।

3. **ਪਾਠਕ੍ਰਮ ਨੀਤੀਆਂ** (Curriculum strategies) ਜਿਵੇਂ ਕਿ—

(i) **ਸਹਿਯੋਗਾਤਮਿਕ ਤਕਨੀਕਾਂ** (Cooperation strategies)—ਸਹਿਯੋਗਾਤਮਿਕ ਸਿੱਖਣ ਵਿੱਚ ਸਮੂਹ ਦੇ

ਵਿਦਿਆਰਥੀ ਆਮ੍ਹਣੇ-ਸਾਮ੍ਹਣੇ ਮੇਲਜੋਲ, ਅੰਤਰ ਨਿਰਭਰਤਾ, ਵਿਅਕਤਿਕ ਜ਼ਿੰਮੇਦਾਰੀ, ਭਾਗੀਦਾਰੀ ਕੌਸ਼ਲ ਦਰਸਾਉਂਦੇ ਹਨ। ਸਮੂਹ ਦੇ ਮੈਂਬਰ ਇੱਕ-ਦੂਜੇ ਤੋਂ ਸਕਾਰਾਤਮਿਕ ਨਿਰਭਰਤਾ ਅਨੁਭਵ ਕਰਦੇ ਹਨ। ਭਾਵੇਂ ਉਹ ਮਿਲ ਕੇ ਕੰਮ ਕਰਦੇ ਹਨ ਅਤੇ ਇੱਕ-ਦੂਜੇ ਦੀ ਸਹਾਇਤਾ ਕਰਦੇ ਹਨ ਪਰੰਤੂ ਉਹ ਆਪਣੇ ਸਿੱਖਣ ਦਾ ਪ੍ਰਦਰਸ਼ਨ ਵੀ ਕਰਦੇ ਹਨ। ਉਹ ਆਪਣੇ ਵਿਅਕਤਿਕ ਸਿੱਖਣ ਦੇ ਲਈ ਜਵਾਬਦੇਹ ਹੁੰਦੇ ਹਨ।

(ii) **ਸਹਿਗਾਮੀ ਸਿੱਖਣ ਤਕਨੀਕਾਂ** (Collaborative learning techniques)—ਇਹ ਤਕਨੀਕਾਂ ਸਮੂਹਿਕ ਕਾਰਜ ਸ਼ੈਲੀ ਲਈ ਜਰੂਰੀ ਹਨ। ਆਮਤੌਰ 'ਤੇ ਇਨ੍ਹਾਂ ਤਕਨੀਕਾਂ ਦੁਆਰਾ ਰਚਨਾਤਮਿਕ ਸੂਚਨਾ ਦੇਣਾ, ਸਹਿਮਤੀ 'ਤੇ ਪਹੁੰਚਣਾ ਅਤੇ ਹਰੇਕ ਮੈਂਬਰ ਦਾ ਸੰਮਿਲਨ ਕਰਨ ਦਾ ਅਧਿਆਪਨ ਅਤੇ ਅਭਿਆਸ ਕਰਨਾ ਸਿਖਾਇਆ ਜਾਂਦਾ ਹੈ। ਸਮੂਹ ਦੇ ਮੈਂਬਰ ਕਿਰਿਆਵਾਂ ਅਤੇ ਸੰਬੰਧਾਂ ਦੀ ਨਿਗਰਾਨੀ ਕਰਦੇ ਹਨ ਤਾਂਕਿ ਸਮੂਹ ਚੰਗੀ ਤਰ੍ਹਾਂ ਪ੍ਰਭਾਵਸ਼ਾਲੀ ਕੰਮ ਕਰੇ।

(iii) **ਅਨੁਭਵਾਤਮਿਕ ਸਿੱਖਣ ਤਕਨੀਕਾਂ** (Experiential learning techniques)—ਇਸ ਪ੍ਰਕਾਰ ਦਾ ਸਿੱਖਣ ਉਹ ਹੈ ਜਿਸ ਵਿੱਚ ਨਿਰਨਿਆਂ, ਭਾਵਨਾਵਾਂ, ਗਿਆਨ ਜਾਂ ਕੌਸ਼ਲਾਂ ਵਿੱਚ ਪਰਿਵਰਤਨ ਵਿਅਕਤੀ ਦੇ ਆਪਣੇ ਅਨੁਭਵਾਂ ਦੁਆਰਾ ਹੁੰਦਾ ਹੈ। ਇਹ ਮੂਰਤ (Concrete) ਵਿਅਕਤੀਗਤ ਅਨੁਭਵ ਹੈ ਜੋ ਅਵਲੋਕਨ ਅਤੇ ਤਾਰਕਿਕਤਾ ਦੁਆਰਾ ਹੁੰਦਾ ਹੈ। ਇਹ ਤਾਰਕਿਕਤਾ ਅਮੂਰਤ ਧਾਰਨਾਵਾਂ ਅਤੇ ਸਧਾਰਨੀਕਰਨਾਂ ਨਾਲ਼ ਸੰਬੰਧਿਤ ਹੁੰਦੀ ਹੈ ਜਿਸਦੀ ਨਵੀਂ ਪਰਿਸਥਿਤੀਆਂ ਵਿੱਚ ਜਾਂਚ ਕੀਤੀ ਜਾਂਦੀ ਹੈ। ਸਿੱਟੇ ਵੱਜੋਂ ਇਹ ਨਵੀਆਂ ਸਥਿਤੀਆਂ ਅਤੇ ਨਵੇਂ ਅਨੁਭਵ ਪ੍ਰਾਪਤ ਕਰਨ ਵਿੱਚ ਸਹਾਇਕ ਹੁੰਦੀ ਹੈ। ਅਧਿਆਪਕ ਨੂੰ ਵਿਦਿਆਰਥੀਆਂ ਨੂੰ ਉਹ ਮੂਰਤ ਅਨੁਭਵ ਪ੍ਰਦਾਨ ਕਰਨੇ ਚਾਹੀਦੇ ਹਨ ਜੋ ਕਿ ਵਿਦਿਆਰਥੀਆਂ ਨੂੰ ਅਰਥਪੂਰਨ ਧਾਰਨਾਵਾਂ ਦਾ ਨਿਰਮਾਣ ਕਰਨ ਵਿੱਚ ਸਹਾਇਤਾ ਕਰਨ।

4. **ਅਨੁਸ਼ਾਸਨ** (Discipline)—ਵਿਦਿਆਰਥੀਆਂ ਵਿੱਚ ਸਵੈ-ਅਨੁਸ਼ਾਸਨ (Self-discipline), ਅੰਦਰੂਨੀ ਅਨੁਸ਼ਾਸਨ (Inner discipline) ਵਿਕਸਿਤ ਕਰਨ ਦੇ ਲਈ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀ ਸਰਕਾਰਾਂ (Self-governments) ਹੋਣੀਆਂ ਚਾਹੀਦੀਆਂ ਹਨ। ਵਿਦਿਆਰਥੀ ਸੰਘ/ਸਰਕਾਰਾਂ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਦੇ ਲੋਕਾਂ ਦਾ ਉੱਚ ਪ੍ਰਤਿਨਿਧ ਹੋਣਾ ਚਾਹੀਦਾ ਹੈ।

5. **ਪ੍ਰਸ਼ਾਸਨ** (Administration)—ਸਕੂਲਾਂ ਨੂੰ ਸਮਾਨਤਾ ਅਤੇ ਲੋਕਤੰਤਰੀ ਅਧਾਰ 'ਤੇ ਚਲਾਉਣ ਲਈ ਵਿਦਿਆਰਥੀਆਂ, ਅਧਿਆਪਕਾਂ, ਮਾਤਾ-ਪਿਤਾ ਅਤੇ ਸਮੁਦਾਇ ਦੇ ਮੈਂਬਰਾਂ ਦਾ ਸਕੂਲ ਦੀਆਂ ਸਭ ਕਮੇਟੀਆਂ ਵਿੱਚ ਉਪਯੁਕਤ ਪ੍ਰਤਿਨਿਧ ਹੋਣਾ ਚਾਹੀਦਾ ਹੈ।

6. **ਅਧਿਆਪਕ ਦੀ ਭੂਮਿਕਾ** (Role of teacher)—ਸੀਮਾਂਤੀਕਰਨ ਅਤੇ ਅਸਮਾਨਤਾ ਦੂਰ ਕਰਨ ਦੇ ਲਈ ਅਧਿਆਪਕ ਨੂੰ ਹੇਠ ਲਿਖੀ ਭੂਮਿਕਾ ਨਿਭਾਉਣੀ ਚਾਹੀਦੀ ਹੈ—

(i) **ਲੋਕਤੰਤਰੀ ਨੇਤਾ** (Democratic leader)—ਅਧਿਆਪਕ ਪਾਠ-ਸਹਾਇਕ ਕਿਰਿਆਵਾਂ ਸੰਗਠਿਤ ਕਰਦੇ ਸਮੇਂ ਸੁਨਿਸਚਿਤ ਕਰਨ ਕਿ ਵਿਦਿਆਰਥੀਆਂ ਨੂੰ ਇਨ੍ਹਾਂ ਵਿੱਚ ਸਕਿਰਿਆ ਭਾਗ ਲੈਣ ਦੇ ਸਮਾਨ ਅਵਸਰ ਪ੍ਰਾਪਤ ਹੋਣ। ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪਿੱਛੜੀਆਂ ਜਾਤੀਆਂ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਬੱਚਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

(ii) **ਪ੍ਰੇਰਕ** (Motivators)—ਅਧਿਆਪਕ ਨੂੰ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਸਿੱਖਣ ਲਈ ਪ੍ਰੇਰਨਾ ਦੇਣੀ ਚਾਹੀਦੀ ਹੈ। ਉਸ ਨੂੰ ਕਿਸੇ ਵੀ ਵਿਦਿਆਰਥੀ ਦੇ ਲਈ ਜਾਤੀ, ਧਰਮ, ਵਰਗ ਜਾਂ ਖੇਤਰ ਸੰਬੰਧੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

(iii) **ਸਹਾਇਕ** (Facilitator)—ਉਸ ਨੂੰ ਵਿਦਿਆਰਥੀਆਂ ਦੀਆਂ ਵਿਸ਼ਿਸ਼ਟ ਅਤੇ ਵਿਵਿਧ ਜਰੂਰਤਾਂ ਅਤੇ ਆਰਥਿਕ ਤੇ ਸਮਾਜਿਕ ਸਥਿਤੀ ਨੂੰ ਧਿਆਨ ਵਿੱਚ ਰੱਖ ਕੇ ਸਿੱਖਣ ਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।

(iv) **ਅਗਵਾਈ ਅਤੇ ਸਲਾਹਕਾਰ** (Guide and counsellor)—ਅਧਿਆਪਕ ਨੂੰ ਸਹਾਇਕ ਹੋਣ ਦੇ ਇਲਾਵਾ ਵਿਦਿਆਰਥੀਆਂ ਨੂੰ ਅਗਵਾਈ ਅਤੇ ਸਲਾਹ ਦੇਣ ਦਾ ਕੰਮ ਵੀ ਕਰਨਾ ਚਾਹੀਦਾ ਹੈ। ਉਸ ਨੂੰ ਵਿਦਿਆਰਥੀਆਂ ਦੀਆਂ ਵਿਅਕਤੀਗਤ, ਸਿੱਖਿਆ, ਸੰਵੇਗਾਤਮਿਕ ਅਤੇ ਮਨੋਵਿਗਿਆਨਿਕ ਸਮੱਸਿਆਵਾਂ ਹੱਲ ਕਰਨ ਵਿੱਚ ਵੀ ਸਹਾਇਤਾ ਦੇਣੀ ਚਾਹੀਦੀ ਹੈ।

(v) **ਸੰਯੋਜਨ ਏਜੰਟ** (Cohesive agent)—ਅਧਿਆਪਕ ਨੂੰ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਆਪਸ ਵਿੱਚ ਮੇਲਜੋਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਸ ਨੂੰ 'ਅਨੇਕਤਾ ਵਿੱਚ ਏਕਤਾ' (Unity in diversity) ਦੇ ਸੰਦੇਸ਼ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਉਸ ਨੂੰ ਵਿਦਿਆਰਥੀਆਂ ਨੂੰ ਪਾਠ-ਸਹਾਇਕ ਕਿਰਿਆਵਾਂ ਦੁਆਰਾ ਸਹਿਯੋਗ, ਸਹਿਣਸ਼ੀਲਤਾ, ਹਮਦਰਦੀ, ਪਿਆਰ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।